# ਦੁਸ਼ਹਿਰਾ ( ਲੇਖ ਰਚਨਾ )



ਦੁਸ਼ਹਿਰਾ ਹਿੰਦੂਆਂ ਦਾ ਇੱਕ ਮੁੱਖ ਤਿਉਹਾਰ ਹੈ । ਇਹ ਤਿਉਹਾਰ ਭਾਰਤੀ ਲੋਕਾਂ ਦੁਆਰਾ ਬਹੁਤ ਹੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਦੁਸ਼ਹਿਰੇ ਦਾ ਤਿਉਹਾਰ ਬੁਰਿਆਈ ਉੱਤੇ ਚੰਗਿਆਈ ਦਾ ਪ੍ਰਤੀਕ ਮੰਨਿਆ ਜਾਂਦਾ ਹੈ । ਦੁਸ਼ਹਿਰੇ ਦਾ ਤਿਉਹਾਰ ਅੱਸੂ ਮਹੀਨੇ ਦੇ ਸ਼ੁਕਲ ਪੱਖ ਦੀ ਦਸ਼ਮੀ ਤਿਥੀ ਨੂੰ ਮਨਾਇਆ ਜਾਂਦਾ ਹੈ । ਭਗਵਾਨ ਰਾਮ ਨੇ ਇਸ ਦਿਨ ਰਾਵਣ ਦਾ ਵਧ ਕੀਤਾ ਸੀ । ਇਸਨੂੰ ਬੁਰਿਆਈ ਦੇ ਉੱਤੇ ਚੰਗਿਆਈ ਦੀ ਜਿੱਤ ਦੇ ਰੂਪ 'ਚ ਮਨਾਇਆ ਜਾਂਦਾ ਹੈ । ਇਸ ਲਈ ਇਸ ਦਸ਼ਮੀ ਨੂੰ ਵਿਜੈਦਸ਼ਮੀ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

ਇਸ ਦਿਨ ਲੋਕ ਨਵਾਂ ਕਾਰਜ ਸ਼ੁਰੂ ਕਰਦੇ ਹਨ ਅਤੇ ਨਾਲ ਹੀ ਸ਼ਸਤਰ-ਪੂਜਾ ਕੀਤੀ ਜਾਂਦੀ ਹੈ। ਪ੍ਰਾਚੀਨ ਕਾਲ ਵਿੱਚ ਰਾਜਾ ਲੋਕ ਇਸ ਦਿਨ ਜਿੱਤ ਦੀ ਅਰਦਾਸ ਕਰ ਕੇ ਰਣ-ਯਾਤਰਾ ਸ਼ੁਰੂ ਕਰਦੇ ਸਨ।



ਇਸ ਦਿਨ ਰਾਮ ਲੀਲਾ ਦਾ ਅਯੋਜਨ ਵੀ ਹੁੰਦਾ ਹੈ। ਰਾਵਣ ਦਾ ਵਿਸ਼ਾਲ ਪੁਤਲਾ ਬਣਾ ਕੇ ਉਸਨੂੰ ਸਾੜਿਆ ਜਾਂਦਾ ਹੈ। ਇਸ ਤੋਂ ਬਾਅਦ ਵਿੱਚ ਮੇਘਨਾਥ ਅਤੇ ਕੁੰਭਕਰਨ ਦਾ ਪੁਤਲਾ ਵੀ ਸਾੜਿਆ ਜਾਂਦਾ ਹੈ । ਦੁਸ਼ਹਿਰਾ ਅਤੇ ਵਿਜੈਦਸ਼ਮੀ ਭਗਵਾਨ ਰਾਮ ਦੀ ਜਿੱਤ ਦੇ ਰੂਪ 'ਚ ਮਨਾਇਆ ਜਾਂਦਾ ਹੈ । ਇਹ ਸ਼ਕਤੀ-ਪੂਜਾ ਦਾ ਤਿਉਹਾਰ ਵੀ ਮੱਨਿਆ ਜਾਂਦਾ ਹੈ । ਇਸ ਦਿਨ ਦੁਸ਼ਹਿਰੇ ਵਾਲੀ ਥਾਂ ਤੇ ਮੇਲੇ ਵੀ

ਲਗਦੇ ਹਨ ਜਿਸ ਵਿੱਚ ਬੱਚਿਆਂ ਦੇ ਖੇਡਣ ਲਈ ਖਿਡੌਣੇ ਅਤੇ ਹੋਰ ਚੀਜਾਂ ਮਿਲਦੀਆਂ ਹਨ ।



ਭਾਰਤੀ ਸਭਿਆਚਾਰ ਬਹਾਦਰੀ ਦੀ ਉਪਾਸਕ ਤੇ ਸੂਰਮਗਤੀ ਦੀ ਸੇਵਕ ਹੈ । ਵਿਅਕਤੀ ਅਤੇ ਸਮਾਜ ਦੇ ਖ਼ੂਨ ਵਿੱਚ ਬਹਾਦਰੀ ਪ੍ਰਗਟ ਹੋਵੇ, ਇਸ ਲਈ ਦੁਸ਼ਹਿਰੇ ਦਾ ਉਤਸਵ ਰੱਖਿਆ ਗਿਆ ਹੈ। ਦੁਸ਼ਹਿਰੇ ਦਾ ਤਿਉਹਾਰ ਕਈ ਤਰ੍ਹਾਂ ਦੇ ਪਾਪਾਂ - ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਆਲਸ, ਹਿੰਸਾ ਤੇ ਚੋਰੀ ਦੇ ਤਿਆਗ ਦੀ ਪ੍ਰੇਰਣਾ ਪ੍ਰਦਾਨ ਕਰਦਾ ਹੈ । ਦੁਸ਼ਹਿਰਾ ਬੁਰਿਆਈ ਉੱਤੇ ਚੰਗਿਆਈ ਦੀ ਜਿੱਤ ਦਾ ਜਸ਼ਨ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ ।





★ ਰਾਮਕੁਮਾਰ ਵਰਮਾ ( ਪੰਜਾਬੀ ਮਾਸਟਰ ) ਮੋਬਾਇਲ 7508727529 ★

★ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਪੰਡੋਰੀ ਰਣ ਸਿੰਘ। ★

★ ਵਤਨ ਸਿੰਘ ਸੰਧੂ(ਪੰਜਾਬੀ ਮਾਸਟਰ)ਸਰ.ਹਾਈ ਸਕੂਲ ਅਮਰਕੋਟ 9855539200